ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਅਜੀਤਗੜ੍ਹ।

(ਸੈਕੰਡਰੀ ਸਿੱਖਿਆ ਸ਼ਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿੱਖਿਆ ਅਫਸਰ,
ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ:)
ਪੰਜਾਬ ਰਾਜ।

ਮੀਮੋ ਨੰਬਰ 10/126-2017ਸੈ:ਸਿ:(4)
ਮਿਤੀ: ਅਜੀਤਗੜ੍ਹ :04-08-2017

ਵਿਸ਼ਾ:- ਸਾਲ 2017-2018 ਦੇ ਸ਼ੁਰੂ ਹੋਣ ਵਾਲੇ ਸੈਸਨ ਦੌਰਾਨ ਵਿੱਦਿਆਰਥੀਆਂ ਨੂੰ ਰਿਆਇਤੀ ਬੱਸ ਪਾਸ ਬਣਾਉਣ ਸਬੰਧੀ।

ਆਪਨੂੰ ਡਾਇਰੈਕਟਰ ਸਟੇਟ ਟ੍ਰਾਂਸਪੋਰਟ ਪੰਜਾਬ ਅਤੇ ਪੈਪਸੂ ਰੋਡ ਟਰਾਂਸਪੋਰਟ ਪਟਿਆਲਾ ਵਲੋਂ ਪ੍ਰਾਪਤ ਪੱਤਰਾਂ ਦੀਆਂ ਕਾਪੀਆਂ ਭੇਜਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਦੋਵਾਂ ਅਦਾਰਿਆਂ ਦੀ ਮੰਗ ਅਨੁਸਾਰ ਸੂਚਨਾਂ ਤੁਰੰਤ ਆਪਣੇ ਜਿਲੇ ਨਾਲ ਸਬੰਧਤ ਨੂੰ ਵਿੱਦਿਆਰਥੀਆਂ ਦੀ ਗਿਣਤੀ ਅਨੁਸਾਰ ਸੂਚਨਾਂ ਭੇਜੀ ਜਾਵੇ ਤਾਂ ਜੋ ਬੱਸ ਪਾਸ ਜਾਰੀ ਕੀਤੇ ਜਾ ਸਕਣ ਅਤੇ ਭੇਜੀ ਸੂਚਨਾਂ ਸਬੰਧੀ ਇਸ ਦਫਤਰ ਨੂੰ ਵੀ ਸੂਚਿਤ ਕੀਤਾ ਜਾਵੇ ।
ਨੱਥੀ :- ਉਪਰੋਕਤ ਅਨੁਸਾਰ ।

ਸਹਾਇਕ ਡਾਇਰੈਕਟਰ(ਸੈ:ਸਿ)

ਪਿੱਠ ਅੰਕਣ ਨੰ: ਉਕੱਤ ਮਿਤੀ ਅਜੀਤਗੜ੍ਹ :04-08-2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਸਕੱਤਰ ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿ4-ਸਾਖਾ)ਨੂੰ ਉਨ੍ਹਾਂ ਦੇ ਮੀਮੋਂ ਨੰ:7/28/95-1ਸਿ4(4ਸਿ4)/1029999/1 ਮਿਤੀ ਚੰਡੀਗੜ੍ਹ 25-07-17 ਦੇ ਹਵਾਲੇ ਵਿੱਚ ।
2. ਡਾਇਰੈਕਟਰ ਸਟੇਟ ਟਰਾਂਸਪੋਰਟ ਪੰਜਾਬ,ਚੰਡੀਗੜ ਨੂੰ ਉਨ੍ਹਾਂ ਦੇ ਨੰ:4/1/2017/ਸੀਏ-4 (ਲਿਸਟਾਂ)3820 ਮਿਤੀ 21-07-2017 ਦੇ ਹਵਾਲੇ ਵਿੱਚ ।
3. ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸਨ ਪਟਿਆਲਾ ਨੂੰ ਉਨ੍ਹਾਂ ਦੇ ਮੀਮੋਂ ਨੰ:154/ਪੀ ਆਰਟੀਸੀ/ਟੀ ਮਿਤੀ 06-07-2017 ਦੇ ਹਵਾਲੇ ਵਿੱਚ ।

ਸਹਾਇਕ ਡਾਇਰੈਕਟਰ(ਸੈ:ਸਿ)